# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ. ਏ. ਐਸ. ਨਗਰ।

## ( ਪ੍ਰਮੋਸ਼ਨ ਸੈਲ )

# ਨੋਟਿਸ

## ਪੰਜਵਾਂ ਪੜ੍ਹਾਅ

ਮਿਤੀ 12.09.2023

1.0 ਮਾਸਟਰ ਕਾਡਰ ਦੀ ਸੀਨੀਆਰਤਾ ਮਿਤੀ 19.06.2019 ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋਂ ਸਿ.ਰਿ.ਪ. 28434 ਆਫ 2019 ਹਰਤਜਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕਨੈਕਟਡ ਕੇਸਾਂ ਵਿੱਚ ਦਿੱਤੇ ਗਏ ਫੈਸਲੇ ਮਿਤੀ 15.02.2023 ਅਨੁਸਾਰ ਖਾਰਜ ਕਰ ਦਿੱਤੀ ਗਈ ਹੈ। ਫੈਸਲੇ ਦੀ ਪਾਲਣਾ ਹਿੱਤ ਵਿਭਾਗ ਦੀ ਵੈਬਸਾਇਟ www.ssapunjab.org ਤੇ ਨੋਟਿਸ ਜਾਰੀ ਕਰਦੇ ਹੋਏ ਮਾਸਟਰ ਕਾਡਰ ਦੀ ਸੀਨੀਆਰਤਾ ਦੀ ਬਣਤਰ ਲਈ ਵੱਖ ਵੱਖ ਮਿਤੀਆਂ ਨੂੰ ਚਾਰ ਪੜ੍ਹਾਵਾਂ ਤਹਿਤ ਦਸੰਬਰ 2015 ਤੱਕ ਦੇ ਨਿਯੁਕਤ ਹੋਏ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦਾ ਰਿਕਾਰਡ ਮੰਗਿਆ ਗਿਆ ਹੈ।

2.0 ਉਕਤ ਚਾਰ ਪੜ੍ਹਾਵਾਂ ਦੀ ਲਗਾਤਾਰਤਾ ਵਿੱਚ ਸੇਧੇ ਨਿਰਧਾਰਿਤ ਪ੍ਰੋਫਾਰਮੇ/ਸ਼ਡਿਊਲ ਅਨੁਸਾਰ <u>31.12.2022 ਤੱਕ</u> ਨਿਯੁਕਤ ਹੋਏ ਸਾਰੇ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) <u>ਪੰਜਵੇ ਪੜ੍ਹਾਅ</u> ਵਿੱਚ ਸ਼ਾਮਿਲ ਕੀਤਾ ਜਾਂਦਾ ਹੈ।

2.1 ਇਥੇ ਇਹ ਸਪਸ਼ਟ ਕਰ ਦਿੱਤਾ ਜਾਂਦਾ ਹੈ ਕਿ ਸਾਰੇ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦੇ ਰਿਕਾਰਡ ਦੀ ਪੁਸ਼ਟੀ ਉਸਦੀ ਸੇਵਾਵਾਂ ਰੈਗੂਲਰ/ਰੈਗੂਲਰ ਨਿਯੁਕਤੀ ਹੋਣ ਤੋਂ ਹੀ ਕੀਤੀ ਜਾਣੀ ਹੈ। ਇਸ ਲਈ ਸਬੰਧਤ ਕੇਸਾਂ ਵਿੱਚ ਸੇਵਾ-ਪੱਤਰੀ ਦੇ ਪੰਨੇ / <u>ਨਿਯਕਤੀ ਪੱਤਰ ਦੀ ਕਾਪੀ ਅਤੇ ਹਾਜਰੀ ਦੀ ਕਾਪੀ ਲਗਾਉਣਾ ਲਾਜਮੀ ਹੈ।</u>

2.2 ਉਕਤ ਰਿਕਾਰਡ ਹੇਠ ਅਨੁਸਾਰ ਮਿਤੀ ਵਾਰ ਸੇਧੇ ਨਿਰਧਾਰਿਤ ਪ੍ਰੋਫਾਰਮੇ/ਸ਼ਡਿਊਲ ਅਨੁਸਾਰ ਸਮੇਤ ਦਸਤਾਵੇਜ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ।

| ਮਿਤੀ | ਜਿਲ੍ਹਾ |
|---|---|
| 26/09/2023 | ਅੰਮ੍ਰਿਤਸਰ, ਤਰਨਤਾਰਨ, ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਐਸ.ਬੀ.ਐਸ ਨਗਰ। |
| 27/09/2023 | ਰੂਪਨਗਰ, ਐਸ. ਏ. ਐਸ. ਨਗਰ, ਫਤਿਹਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਮਲੇਰਕੋਟਲਾ, ਸੰਗਰੂਰ, ਬਰਨਾਲਾ |
| 28/09/2023 | ਫਿਰੋਜਪੁਰ, ਫਰੀਦਕੋਟ, ਫਾਜਿਲਕਾ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਮਾਨਸਾ |

3.0 ਉਕਤ ਅਨੁਸਾਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਸਾਰੇ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ, ਇਸ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਸਮਝਿਆ ਜਾਵੇ।

ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ

CamScanner